ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ
(ਸਿੱਖਿਆ-5 ਸ਼ਾਖਾ)

**ਦਫਤਰੀ ਹੁਕਮ**

ਨੰ. SED-EDU501/01/2025-1EDU5/1208585 ਮਿਤੀ, ਚੰਡੀਗੜ੍ਹ: 25.09.2025

1.0 ਸਕੂਲ ਸਿੱਖਿਆ ਵਿਭਾਗ ਵਿੱਚ ਵੋਕੇਸ਼ਨਲ ਲੈਕਚਰਾਰ ਅਤੇ ਵੋਕੇਸ਼ਨਲ ਮਾਸਟਰ 11ਵੀਂ ਅਤੇ 12ਵੀਂ ਜਮਾਤ ਦੇ ਬੱਚਿਆਂ ਨੂੰ ਵੋਕੇਸ਼ਨਲ ਸਿੱਖਿਆ ਪ੍ਰਦਾਨ ਕਰਵਾ ਰਹੇ ਹਨ। ਇਨ੍ਹਾਂ ਕਾਡਰਾਂ ਦੀਆਂ ਸੇਵਾਵਾਂ ਕ੍ਰਮਵਾਰ The Punjab Educational Service (Vocational) Group B Rules, 2018; Punjab Educational Service (Vocational) Border Area Group B Rules, 2018 ਅਤੇ ਸਾਲ 1995 ਦੇ ਰੂਲਾਂ ਅਨੁਸਾਰ ਗਵਰਨ ਹੁੰਦੀਆਂ ਹਨ। ਸਕੂਲ ਸਿੱਖਿਆ ਵਿਭਾਗ ਦੇ ਸਾਲ 2018 ਦੇ ਰੂਲਾਂ ਵਿੱਚ ਵੋਕੇਸ਼ਨਲ ਮਾਸਟਰਾਂ ਲਈ ਕੋਈ ਪ੍ਰੋਮੋਸ਼ਨ ਚੈਨਲ ਦਾ ਉਪਬੰਧ ਨਹੀਂ ਸੀ, ਜੋ ਕਿ ਸਾਲ 2018 ਤੋਂ ਪਹਿਲਾਂ ਗਰੁੱਪ-ਏ ਦੇ 2004 ਦੇ ਰੂਲਾਂ ਅਨੁਸਾਰ ਪ੍ਰਿੰਸੀਪਲ ਦੀ ਆਸਾਮੀ ਤੇ ਪ੍ਰੋਮੋਸ਼ਨ ਲਈ ਯੋਗ ਸਨ ਅਤੇ ਵਿਭਾਗ ਵੱਲੋਂ ਕਈ ਵੋਕੇਸ਼ਨਲ ਮਾਸਟਰਾਂ ਦੀਆਂ ਪ੍ਰਿੰਸੀਪਲ ਵਜੋਂ ਤਰੱਕੀਆਂ ਵੀ ਕੀਤੀਆਂ ਗਈਆਂ ਹਨ।

2.0 ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਵੱਖ-2 ਰਿੱਟ ਪਟੀਸ਼ਨਾਂ ਵਿੱਚ ਵੋਕੇਸ਼ਨਲ ਮਾਸਟਰਾਂ ਨੂੰ ਵੋਕੇਸ਼ਨਲ ਲੈਕਚਰਾਰ ਦਾ ਤਨਖਾਹ ਸਕੇਲ ਦਿੱਤਾ ਗਿਆ ਹੈ ਅਤੇ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਸਿਵਲ ਅਪੀਲ ਨੰ. 632 ਆਫ 2008 ਵਿੱਚ, ਵਿਭਾਗ ਵੱਲੋਂ ਮਾਨਯੋਗ ਹਾਈ ਕੋਰਟ ਦੇ ਆਰਡਰਾਂ ਵਿਰੁੱਧ ਪਾਈ ਅਪੀਲ, ਵੀ ਰੱਦ ਕੀਤੀ ਹੋਈ ਹੈ। ਇਸ ਲਈ ਵਿਭਾਗ ਦੇ ਮੌਜੂਦਾ ਵੋਕੇਸ਼ਨਲ ਮਾਸਟਰ ਵੋਕੇਸ਼ਨਲ ਲੈਕਚਰਾਰ ਦੀ ਆਸਾਮੀ ਦਾ ਤਨਖਾਹ ਸਕੇਲ ਲੈ ਰਹੇ ਹਨ, ਜੋ ਕਿ 6ਵੇਂ ਪੰਜਾਬ ਤਨਖਾਹ ਕਮਿਸ਼ਨ ਅਨੁਸਾਰ **43,000-1,36,000 (Level-12)** ਹੈ।

3.0 ਸਕੂਲ ਸਿੱਖਿਆ ਵਿਭਾਗ ਦੇ ਗਰੁੱਪ-ਏ ਦੇ 2018 ਦੇ ਸਰਵਿਸ ਰੂਲਾਂ ਵਿੱਚ ਡਿਪਟੀ ਡੀ.ਈ.ਓ./ਪ੍ਰਿੰਸੀਪਲ ਦੀ ਆਸਾਮੀ ਤੇ ਪ੍ਰੋਮੋਸ਼ਨ ਲਈ ਵੋਕੇਸ਼ਨਲ ਲੈਕਚਰਾਰਾਂ ਲਈ 10% ਕੋਟਾ ਰਾਖਵਾਂ ਰੱਖਿਆ ਗਿਆ ਹੈ ਪ੍ਰੰਤੂ ਵਿਭਾਗ ਵੱਲੋਂ ਸਾਲ 1995 ਤੋਂ ਬਾਅਦ ਵੋਕੇਸ਼ਨਲ ਲੈਕਚਰਾਰਾਂ ਦੀ ਕੋਈ ਭਰਤੀ ਨਹੀਂ ਕੀਤੀ ਗਈ ਹੈ, ਇਸ ਤੋਂ ਪਹਿਲਾਂ ਦੇ ਭਰਤੀ ਹੋਏ ਵੋਕੇਸ਼ਨਲ ਲੈਕਚਰਾਰ/ਮਾਸਟਰ ਡਿਪਟੀ ਡੀ.ਈ.ਓ./ਪ੍ਰਿੰਸੀਪਲ ਦੀ ਆਸਾਮੀ ਤੇ ਤਰੱਕੀ ਲੈ ਚੁੱਕੇ ਹਨ ਅਤੇ ਕਾਫੀ ਰਿਟਾਇਰ ਹੋ ਚੁੱਕੇ ਹਨ। ਵਿਭਾਗ ਵੱਲੋਂ ਨੋਟੀਫਿਕੇਸ਼ਨ ਮਿਤੀ 12.09.2025 ਰਾਹੀਂ ਗਰੁੱਪ ਏ ਦੇ ਇਨ੍ਹਾਂ ਰੂਲਾਂ ਨੂੰ ਸੋਧਦੇ ਹੋਏ ਡਿਪਟੀ ਡੀ.ਈ.ਓ./ਪ੍ਰਿੰਸੀਪਲ ਦੀ ਆਸਾਮੀ ਤੇ ਪ੍ਰੋਮੋਸ਼ਨ ਕੋਟਾ 50% ਤੋਂ ਵਧਾ ਕੇ 75% ਕੀਤਾ ਗਿਆ ਹੈ। ਇਸ ਲਈ ਵੋਕੇਸ਼ਨਲ ਲੈਕਚਰਾਰਾਂ ਦੇ 10% ਕੋਟੇ ਦੀਆਂ ਆਸਾਮੀਆਂ ਹੋਰ ਵੱਧ ਗਈਆਂ ਹਨ ਅਤੇ ਜਿਸ ਵਿੱਚੋਂ ਕਾਫੀ ਆਸਾਮੀਆਂ ਖਾਲੀ ਪਈਆਂ ਹਨ।

4.0 ਮੰਤਰੀ ਮੰਡਲ ਵੱਲੋਂ ਮਿਤੀ 09.09.2025 ਨੂੰ The Punjab Educational Service (Vocational) Group B Rules, 2018 ਅਤੇ Punjab Educational Service (Vocational) Border Area Group B Rules, 2018 ਨੂੰ ਸੋਧਣ ਦੀ ਪ੍ਰਵਾਨਗੀ ਦਿੱਤੀ ਗਈ ਹੈ, ਜਿਸ ਦੀ ਨੋਟੀਫਿਕੇਸ਼ਨ ਮਿਤੀ 17.09.2025 ਵਿੱਚ ਹੇਠ ਦਰਸਾਏ ਅਨੁਸਾਰ ਉਪਬੰਧ ਦਰਜ ਕੀਤਾ ਗਿਆ ਹੈ:-

"The existing Vocational Masters drawing pay scale of the post of Vocational Lecturer shall be deemed to have been designated as Vocational Lecturers."

ਇਸ ਅਨੁਸਾਰ ਵੋਕੇਸ਼ਨਲ ਮਾਸਟਰ ਦੇ ਵੋਕੇਸ਼ਨਲ ਲੈਕਚਰਾਰ ਵਜੋਂ ਡੈਜੀਗਨੇਟ ਹੋਣ ਨਾਲ, ਡਿਪਟੀ ਡੀ.ਈ.ਓ./ਪ੍ਰਿੰਸੀਪਲ ਦੀ ਪ੍ਰੋਮੋਸ਼ਨ ਦੀ ਆਸਾਮੀ ਭਰਨ ਵਿੱਚ ਮਦਦ ਮਿਲੇਗੀ ਅਤੇ ਇਸ ਕਾਡਰ ਲਈ ਪ੍ਰੋਮੋਸ਼ਨ ਚੈਨਲ ਵੀ ਖੁਲੇਗਾ।

ਬਾਕੀ ਪੰਨਾ...

5.0 ਉਕਤ ਅਨੁਸਾਰ ਮੌਜੂਦਾ ਵੋਕੇਸ਼ਨਲ ਮਾਸਟਰ, ਜੋ ਕਿ ਵੋਕੇਸ਼ਨਲ ਲੈਕਚਰਾਰ ਦੀ ਆਸਾਮੀ ਦਾ ਤਨਖਾਹ ਸਕੇਲ ਲੈ ਰਹੇ ਹਨ, ਨੂੰ ਵੋਕੇਸ਼ਨਲ ਲੈਕਚਰਾਰ ਵਜੋਂ ਹੇਠ ਦਰਸਾਈਆਂ ਸ਼ਰਤਾਂ ਅਧੀਨ ਡੈਜੀਗਨੇਟ ਕੀਤਾ ਜਾਂਦਾ ਹੈ:

(i) ਇਨ੍ਹਾਂ ਵੋਕੇਸ਼ਨਲ ਲੈਕਚਰਾਰਾਂ ਨੂੰ ਇਸ ਡੈਜੀਗਨੇਸ਼ਨ ਸਬੰਧੀ ਕਿਸੇ ਵੀ ਕਿਸਮ ਦਾ ਵਿੱਤੀ ਲਾਭ/ਏਰੀਅਰ ਮਿਲਣਯੋਗ ਨਹੀਂ ਹੋਵੇਗਾ ਕਿਉਂਜੋਂ ਇਹ ਪਹਿਲਾਂ ਹੀ ਮਾਨਯੋਗ ਕੋਰਟ ਦੇ ਵੱਖ-ਵੱਖ ਆਰਡਰਾਂ ਰਾਹੀਂ ਤਨਖਾਹ ਸਕੇਲ ਲੈ ਰਹੇ ਹਨ।

(ii) ਇਨ੍ਹਾਂ ਵੋਕੇਸ਼ਨਲ ਲੈਕਚਰਾਰਾਂ, ਜੋ ਡਿਪਟੀ ਡੀ.ਈ.ਓ./ਪ੍ਰਿੰਸੀਪਲ ਦੀ ਆਸਾਮੀ ਦੀ ਵਿੱਦਿਅਕ ਯੋਗਤਾ ਪੂਰੀ ਕਰਦੇ ਹੋਣ ਅਤੇ ਉਨ੍ਹਾਂ ਵੱਲੋਂ ਵੋਕੇਸ਼ਨਲ ਮਾਸਟਰ ਦੀ ਪੋਸਟ ਤੇ 5 ਸਾਲ ਦੀ ਸਰਵਿਸ ਕੀਤੀ ਹੋਵੇ, ਨੂੰ ਹੀ ਡਿਪਟੀ ਡੀ.ਈ.ਓ./ਪ੍ਰਿੰਸੀਪਲ ਦੀ ਆਸਾਮੀ ਤੇ ਪ੍ਰੋਮੋਸ਼ਨ ਲਈ ਯੋਗ ਮੰਨਿਆ ਜਾਵੇਗਾ।

(iii) ਇਨ੍ਹਾਂ ਵੋਕੇਸ਼ਨਲ ਲੈਕਚਰਾਰਾਂ ਦੀਆਂ ਸੇਵਾ ਸ਼ਰਤਾਂ ਵਿੱਚ ਕੋਈ ਤਬਦੀਲੀ ਨਹੀਂ ਆਵੇਗੀ ਅਤੇ ਇਨ੍ਹਾਂ ਦੀ ਸੀਨੀਅਰਤਾ ਵੀ ਉਹੀ ਰਹੇਗੀ।

6.0 ਡਾਇਰੈਕਟਰ, ਸਕੂਲ ਸਿੱਖਿਆ (ਸੈ.), ਪੰਜਾਬ/ਸਮੂਹ ਜਿਲ੍ਹਾ ਸਿੱਖਿਆ ਅਫਸਰਾਂ (ਸੈ.), ਪੰਜਾਬ ਵੱਲੋਂ ਇਸ ਡੈਜੀਗਨੇਸ਼ਨ ਸਬੰਧੀ ਇਨ੍ਹਾਂ ਦੀਆਂ ਸਰਵਿਸ ਬੁੱਕਾਂ ਵਿੱਚ ਤੁਰੰਤ ਲੋੜੀਂਦੀ ਐਂਟਰੀ ਦਰਜ ਕੀਤੀ ਜਾਵੇਗੀ।

ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

**ਅਨਿੰਦਿਤਾ ਮਿਤਰਾ, ਆਈ.ਏ.ਐਸ.**
**ਸਕੱਤਰ, ਪੰਜਾਬ ਸਰਕਾਰ**
**ਸਕੂਲ ਸਿੱਖਿਆ ਵਿਭਾਗ**

**ਮਿਤੀ, ਚੰਡੀਗੜ੍ਹ:** 25.09.2025

**ਪਿ.ਅੰ.ਨੰ. SED-EDU501/01/2025-1EDU5/** 1208585(1-9) **ਮਿਤੀ, ਚੰਡੀਗੜ੍ਹ:** 25/09/2025

ਉਪਰੋਕਤ ਦਾ ਉਤਾਰਾ ਨਿਮਨ ਲਿੱਖਿਤ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਨਿ.ਸ./ਸਿੱਖਿਆ ਮੰਤਰੀ ਜੀ, ਪੰਜਾਬ।
2. ਨਿ.ਸ./ਸਕੱਤਰ ਸਕੂਲ ਸਿੱਖਿਆ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
4. ਡਾਇਰੈਕਟਰ, ਸਕੂਲ ਸਿੱਖਿਆ (ਸੈ.), ਪੰਜਾਬ।
5. ਸੁਪਰਡੰਟ, ਸਿੱਖਿਆ-2 ਅਤੇ ਸਿੱਖਿਆ-4 ਸ਼ਾਖਾ।
6. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.), ਪੰਜਾਬ।
7. ਸਮੂਹ ਜਿਲ੍ਹਾ ਖਜਾਨਾ ਅਫਸਰ, ਪੰਜਾਬ।
8. ਸਮੂਹ ਕਰਮਚਾਰੀ।
9. ਐਮ.ਆਈ.ਐਸ. ਵਿੰਗ (ਵੈੱਬਸਾਈਟ ਤੇ ਅੱਪਲੋਡ ਕਰਨ ਹਿੱਤ)।

ਸੁਪਰਡੰਟ 25/09/2025